# ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ ਲਈ ਸਲਾਹ-ਮਸ਼ਵਰਾ

## ਅਸੀਂ ਸਲਾਹ-ਮਸ਼ਵਰਾ ਕਿਉਂ ਕਰ ਰਹੇ ਹਾਂ?

ਬ੍ਰਿਸਟਲ ਸਿਟੀ ਕੌਂਸਲ ਮੰਨਦੀ ਹੈ ਕਿ ਕਈ ਵਾਰ ਬਾਲਗਾਂ ਨੂੰ ਆਤਮ ਨਿਰਭਰਤਾ ਨਾਲ ਜਿਉਣ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਸਹਾਇਤਾ ਕਈ ਵੱਖ-ਵੱਖ ਰੂਪਾਂ ਵਿੱਚ ਪ੍ਰਦਾਨ ਕੀਤੀ ਜਾਂ ਸਕਦੀ ਹੈ, ਅਤੇ ਲੋਕ ਖੁਦ ਜਾਂ ਕੌਂਸਲ ਦੀ ਮਦਦ ਨਾਲ ਇਸ ਦੀ ਪ੍ਰਾਪਤੀ ਕਰ ਸਕਦੇ ਹਨ। ਕੌਂਸਲ ਬਾਲਗਾਂ ਦੀ ਆਤਮ ਨਿਰਭਰਤਾ, ਚੋਣ ਅਤੇ ਉਹਨਾਂ ਨੂੰ ਪ੍ਰਾਪਤ ਹੋਣ ਵਾਲੀ ਦੇਖਭਾਲ ਅਤੇ ਸਹਾਇਤਾ ਬਾਰੇ ਫੈਸਲੇ ਲੈਣ ਦੀ ਯੋਗਤਾ ਨੂੰ ਉਤਸ਼ਾਹਤ ਕਰਦੀ ਹੈ।

ਕੇਅਰ ਐਕਟ (2014) ਅਤੇ ਇਸ ਦਾ ਕਾਨੂੰਨੀ ਮਾਰਗਦਰਸ਼ਨ ਸਥਾਨਕ ਅਥਾਰਟੀਆਂ ਦੇ ਫਰਜ਼ਾਂ ਨੂੰ ਨਿਰਧਾਰਤ ਕਰਦਾ ਹੈ ਕਿ ਉਹ ਕਿਸੇ ਵੀ ਅਜਿਹੇ ਵਿਅਕਤੀ ਨੂੰ ਮੁਲਾਂਕਣ ਦੀ ਪੇਸ਼ਕਸ਼ ਕਰਨ ਜਿਸਨੂੰ ਦੇਖਭਾਲ ਅਤੇ ਸਹਾਇਤਾ ਦੀ ਲੋੜ ਜਾਪਦੀ ਹੈ। ਇਸ ਨੂੰ ਆਮ ਤੌਰ 'ਤੇ ਕੇਅਰ ਐਕਟ ਅਸੈਸਮੈਂਟ ਕਿਹਾ ਜਾਂਦਾ ਹੈ। ਕੌਂਸਲਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਮੁਲਾਂਕਣ ਵਿੱਚ ਪਛਾਣੀਆਂ ਗਈਆਂ ਕਿਸੇ ਵੀ ਯੋਗ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ।

ਬਹੁਤ ਸਾਰੀਆਂ ਸੰਸਥਾਵਾਂ ਦੀ ਤਰ੍ਹਾਂ, ਬ੍ਰਿਸਟਲ ਸਿਟੀ ਕੌਂਸਲ ਨੂੰ ਵਸਤੂਆਂ, ਊਰਜਾ ਅਤੇ ਸੇਵਾਵਾਂ ਦੀਆਂ ਵਧਦੀਆਂ ਲਾਗਤਾਂ, ਘਟਾਏ ਗਏ ਸਰਕਾਰੀ ਫੰਡਾਂ ਅਤੇ ਕੌਂਸਲ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਵਧਦੀ ਮੰਗ ਦੇ ਕਾਰਨ ਸੰਚਾਲਨ ਸੰਕਟ ਦੀ ਲਾਗਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ, ਕੌਂਸਲ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਉਸ ਕੋਲ ਉਨ੍ਹਾਂ ਸਾਰੇ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਉਪਲਬਧ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਦੇਖਭਾਲ ਅਤੇ ਸਹਾਇਤਾ ਦੀ ਲੋੜ ਹੈ।

ਅਸੀਂ ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ ਦਾ ਖਰੜਾ ਵਿਕਸਤ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਕੋਲ ਉਹਨਾਂ ਸਾਰਿਆਂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਹਨ ਜਿੰਨ੍ਹਾਂ ਨੂੰ ਦੇਖਭਾਲ ਅਤੇ ਸਹਾਇਤਾ ਦੀ ਲੋੜ ਹੋ ਸਕਦੀ ਹੈ। ਇਹ ਨੀਤੀ ਸਾਡੇ ਫੈਸਲੇ ਲੈਣ ਦੇ ਸਬੰਧ ਵਿੱਚ ਲੋਕਾਂ ਲਈ ਵਧੇਰੇ ਬਰਾਬਰੀ ਅਤੇ ਪਾਰਦਰਸ਼ਤਾ ਦਾ ਸਮਰਥਨ ਵੀ ਕਰੇਗੀ।

ਕੇਅਰ ਐਕਟ ਵਿਧਾਨਕ ਮਾਰਗਦਰਸ਼ਨ ਇਹ ਨਿਰਧਾਰਤ ਕਰਦਾ ਹੈ ਕਿ ਇਹ ਫੈਸਲਾ ਕਰਦੇ ਸਮੇਂ ਕਿ ਲੋਕਾਂ ਦੀਆਂ ਯੋਗ ਜ਼ਰੂਰਤਾਂ ਨੂੰ ਕਿਵੇਂ ਪੂਰਾ ਕਰਨਾ ਹੈ, ਸਥਾਨਕ ਅਥਾਰਟੀ ਆਪਣੇ ਖੁਦ ਦੇ ਵਿੱਤ ਅਤੇ ਬਜਟ ਦੀ ਸਥਿਤੀ ਨੂੰ ਵਾਜਬ ਤੌਰ 'ਤੇ ਧਿਆਨ ਵਿੱਚ ਰੱਖ ਸਕਦੀ ਹੈ ਅਤੇ ਕੌਂਸਲ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿਉਨ੍ਹਾਂ ਨੂੰ ਉਪਲਬਧ ਫੰਡ ਸਮੁੱਚੀ ਸਥਾਨਕ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਹਨ। ਇਸਦਾ ਆਮ ਤੌਰ 'ਤੇ ਮਤਲਬ ਬਣਦਾ ਹੈ ਕਿ ਉਸ ਵਿਕਲਪ ਦੀ ਚੋਣ ਕਰਨਾ ਜੋ ਸਥਾਨਕ ਅਥਾਰਟੀ ਨੂੰ 'ਘੱਟ ਲਾਗਤ ਨਾਲ ਸਭ ਤੋਂ ਵਧੀਆ ਨਤੀਜੇ' ਪ੍ਰਦਾਨ ਕਰਦਾ ਹੈ।

ਸਥਾਨਕ ਅਥਾਰਟੀ ਨੂੰ ਕੁਝ ਰੂਟਾਂ ਰਾਹੀਂ ਲੋੜਾਂ ਨੂੰ ਪੂਰਾ ਕਰਨ ਲਈ ਭੁਗਤਾਨ ਕਰਨ ਲਈ ਲਾਗਤਾਂ 'ਤੇ ਮਨਮਰਜ਼ੀ ਨਾਲ ਅਜਿਹੀ ਉਪਰਲੀ ਸੀਮਾ ਨਿਰਧਾਰਤ ਕਰਨ ਦੀ ਆਗਿਆ ਨਹੀਂ ਹੁੰਦੀ ਹੈ, ਜਿਸ ਬਾਰੇ ਉਹ ਰਾਜ਼ੀ ਹੋਣ, ਪਰ ਇਸ ਲਈ ਕੇਸ-ਦਰ-ਕੇਸ ਦੇ ਅਧਾਰ 'ਤੇ ਫੈਸਲੇ ਲੈ ਸਕਦੀ ਹੈ ਜੋ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਸੰਭਾਵਿਤ ਵਿਕਲਪਾਂ ਦੀ ਕੁੱਲ ਲਾਗਤ 'ਤੇ ਵਿਚਾਰ ਕਰਦੀ ਹੈ, ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਢੁਕਵੇਂ ਵਿਕਲਪਕ ਵਿਕਲਪਾਂ ਵਿੱਚੋਂ ਕਿਸੇ ਨੂੰ ਚੁਣਨ ਦਾ ਫੈਸਲਾ ਕਰਨ ਵਿੱਚ ਲਾਗਤ ਨੂੰ ਇੱਕ ਢੁਕਵੇਂ ਕਾਰਕ ਵਜੋਂ ਸ਼ਾਮਲ ਕਰਦੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਸਭ ਤੋਂ ਸਸਤਾ ਵਿਕਲਪ ਚੁਣਿਆਂ ਜਾਣਾ; ਸਗੋਂ ਉਹ ਵਿਕਲਪ ਜੋ ਵਾਜਬ ਮੁੱਲ 'ਤੇ ਸਭ ਤੋਂ ਵਧੀਆ ਲੋੜੀਂਦੇ ਨਤੀਜੇ ਪ੍ਰਦਾਨ ਕਰਦਾ ਹੈ।

6 ਜੂਨ 2023 ਨੂੰ, ਬ੍ਰਿਸਟਲ ਸਿਟੀ ਕੌਂਸਲ ਫੁੱਲ ਕੈਬਨਿਟ ਨੇ ਜਨਤਕ ਸਲਾਹ-ਮਸ਼ਵਰੇ ਲਈ ਇਸ ਨੀਤੀ ਨੂੰ ਮਨਜ਼ੂਰੀ ਦਿੱਤੀ।

## ਵਾਜਬ ਅਤੇ ਕਿਫਾਇਤੀ ਦੇਖਭਾਲ ਨੀਤੀ ਕੀ ਹੈ

**ਇਹ ਨੀਤੀ** ਸਾਊਥ ਵੈਸਟ ਦੀ ਇੱਕ ਤੁਲਨਾਤਮਕ ਸਥਾਨਕ ਅਥਾਰਟੀ ਦੀ ਫੇਅਰ ਐਂਡ ਅਫੋਰਡੇਬਲ ਕੇਅਰ ਪਾਲਿਸੀ ਤੋਂ ਤਿਆਰ ਕੀਤੀ

ਗਈ ਸੀ ਅਤੇ ਬਾਅਦ ਵਿੱਚ ਬ੍ਰਿਸਟਲ ਸਿਟੀ ਕੌਂਸਲ ਐਡਲਟ ਸੋਸ਼ਲ ਕੇਅਰ ਇਕੁਆਲਿਟੀਜ਼ ਫੋਰਮ ਨਾਲ ਸਹਿ-ਨਿਰਮਿਤ ਕਰ ਕੇ ਇਸ ਦੀ ਸੋਧ ਕੀਤੀ ਗਈ ਸੀ।

ਨੀਤੀ ਇਹ ਨਿਰਧਾਰਤ ਕਰਦੀ ਹੈ ਕਿ ਅਸੀਂ ਕਿਸੇ ਵਿਅਕਤੀ ਦੀਆਂ ਜ਼ਰੂਰਤਾਂ ਦੀ ਪਛਾਣ ਕਰਦੇ ਸਮੇਂ ਉਨ੍ਹਾਂ ਨੂੰ ਕਿਵੇਂ ਪੂਰਾ ਕਰਦੇ ਹਾਂ ਇਸ ਲਈ ਸਭ ਤੋਂ ਵਧੀਆ ਨਤੀਜਿਆਂ ਅਤੇ ਲਾਗਤ-ਪ੍ਰਭਾਵਸ਼ੀਲਤਾ ਨੂੰ ਕਿਵੇਂ ਯਕੀਨੀ ਬਣਾਉਣ ਦਾ ਇਰਾਦਾ ਰੱਖਦੇ ਹਾਂ।

ਨੀਤੀ ਇਸ ਗੱਲ ਦਾ ਪੁਨਰ-ਬਿਆਨ ਹੈ ਕਿ ਅਸੀਂ ਮੌਜੂਦਾ ਕਾਨੂੰਨੀ ਮਾਰਗਦਰਸ਼ਨ ਦੇ ਅਨੁਸਾਰ ਕਿਸੇ ਵਿਅਕਤੀ ਦੇ ਨਿੱਜੀ ਬਜਟ ਦੀ ਗਣਨਾ ਕਿਵੇਂ ਕਰਦੇ ਹਾਂ।

ਨੀਤੀ ਵਿੱਚ ਕਿਹਾ ਗਿਆ ਹੈ ਕਿ "ਅਸੀਂ ਆਮ ਤੌਰ 'ਤੇ ਉਸ ਵਿਕਲਪ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਾਂਗੇ ਜੋ ਸਭ ਤੋਂ ਵਧੀਆ ਮੁੱਲ 'ਤੇ ਲੋੜੀਂਦੇ ਨਤੀਜੇ ਪ੍ਰਦਾਨ ਕਰਦਾ ਹੈ। ਇਹ ਆਮ ਤੌਰ 'ਤੇ ਉਹ ਵਿਕਲਪ ਹੋਵੇਗਾ ਜੋ ਵਿਅਕਤੀ ਦੀਆਂ ਮੁਲਾਂਕਿਤ ਕੀਤੀਆਂ ਜ਼ਰੂਰਤਾਂ ਨੂੰ ਸਭ ਤੋਂ ਕੁਸ਼ਲਤਾ ਨਾਲ ਪੂਰਾ ਕਰਦਾ ਹੈ, ਪਰ ਜ਼ਰੂਰੀ ਨਹੀਂ ਕਿ ਹਮੇਸ਼ਾਂ ਇਹ ਹੋਵੇ।

ਹਾਲਾਂਕਿ ਅਸੀਂ ਹਮੇਸ਼ਾਂ ਸਬੰਧਤ ਵਿਅਕਤੀ ਨਾਲ ਸਹਿਮਤੀ 'ਤੇ ਪਹੁੰਚਣ ਲਈ ਸਾਰੇ ਵਾਜਬ ਕਦਮ ਚੁੱਕਾਂਗੇ ਕਿ ਇਸ ਤੋਂ ਉਸ ਦੀਆਂ ਜ਼ਰੂਰਤਾਂ ਨੂੰ ਕਿਵੇਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਪਰ ਅਜਿਹੇ ਮੌਕੇ ਹੋ ਸਕਦੇ ਹਨ ਜਿੱਥੇ ਪੇਸ਼ ਕੀਤੀ ਗਈ ਸਹਾਇਤਾ ਵਿਅਕਤੀ ਦੀ ਤਰਜੀਹ ਜਾਂ ਪਹਿਲੀ ਪਸੰਦ ਨਾ ਹੋਵੇ।

ਹਰ ਵਿਅਕਤੀ ਅਲੱਗ ਹੁੰਦਾ ਹੈ, ਅਤੇ ਵਿਅਕਤੀਗਤ ਹਾਲਾਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਕੁਝ ਵਿਰਲੇ ਮੌਕੇ ਹੋ ਸਕਦੇ ਹਨ ਜਿੱਥੇ ਬ੍ਰਿਸਟਲ ਸਿਟੀ ਕੌਂਸਲ ਵਧੇਰੇ ਮਹਿੰਗੇ ਦੇਖਭਾਲ ਪੈਕੇਜ ਨੂੰ ਫੰਡ ਦੇਣ ਲਈ ਸਹਿਮਤ ਹੋਵੇਗੀ ਜੇ ਕੌਂਸਲ ਦੁਆਰਾ ਇਸ ਨੂੰ ਉਨ੍ਹਾਂ ਦੀ ਤੰਦਰੁਸਤੀ ਨੂੰ ਵਧਾਵਾ ਦੇਣ ਲਈ ਲੋੜੀਂਦਾ ਮੰਨਿਆ ਜਾਂਦਾ ਹੈ।

## ਅਸੀਂ ਕਿਸ ਬਾਰੇ ਸਲਾਹ-ਮਸ਼ਵਰਾ ਕਰ ਰਹੇ ਹਾਂ?

ਅਸੀਂ ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ ਬਾਰੇ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ ਅਤੇ ਤੁਹਾਡੀ ਪ੍ਰਤੀਕਿਰਿਆ ਸੁਣਨਾ ਚਾਹੁੰਦੇ ਹਾਂ ਕਿਉਂਕਿ ਇਹ ਸੰਭਾਵਤ ਤੌਰ 'ਤੇ ਉਹਨਾਂ ਸਾਰੇ ਵਿਅਕਤੀਆਂ ਨੂੰ ਪ੍ਰਭਾਵਤ ਕਰੇਗਾ ਜੋ ਸੰਭਾਲ ਅਤੇ ਸਹਾਇਤਾ ਨਾਲ ਮਦਦ ਵਾਸਤੇ ਕੌਂਸਲ ਕੋਲ ਜਾਂਦੇ ਹਨ।

### ਤੁਹਾਡੇ ਵਿਚਾਰ ਕਿਉਂ ਮਹੱਤਵਪੂਰਨ ਹਨ

ਜਵਾਬ ਦੇਣ ਵਾਲੇ ਹਰੇਕ ਵਿਅਕਤੀ ਦੁਆਰਾ ਪ੍ਰਗਟ ਕੀਤੇ ਵਿਚਾਰਾਂ ਨੂੰ ਸੁਣ ਕੇ, ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਇਹ ਨੀਤੀ ਬ੍ਰਿਸਟਲ ਦੇ ਲੋਕਾਂ ਦੁਆਰਾ ਪਹੁੰਚਯੋਗ ਹੈ ਅਤੇ ਸਮਝੀ ਜਾਂਦੀ ਹੈ। ਸਲਾਹ-ਮਸ਼ਵਰਾ [ਸ਼ੁਰੂ ਹੋਣ ਦੀ ਮਿਤੀ] ਤੋਂ ਚਾਲੂ ਹੈ ਅਤੇ [ਅੰਤ ਦੀ ਮਿਤੀ] ਨੂੰ ਅੱਧੀ ਰਾਤ ਨੂੰ ਸਮਾਪਤ ਹੋ ਜਾਵੇਗਾ।

ਸਲਾਹ-ਮਸ਼ਵਰੇ ਦੇ ਆਸਾਨੀ ਨਾਲ ਪੜ੍ਹਨ ਯੋਗ ਸੰਸਕਰਣ ਮੰਗੇ ਜਾਣ 'ਤੇ ਉਪਲਬਧ ਕਰਾਏ ਜਾਂ ਸਕਦੇ ਹਨ। ਤੁਸੀਂ consultation@bristol.gov.uk 'ਤੇ ਸਲਾਹ-ਮਸ਼ਵਰਾ ਅਤੇ ਸ਼ਮੂਲੀਅਤ ਟੀਮ ਨਾਲ ਸੰਪਰਕ ਕਰਕੇ ਜਾਂ 0117 922 2848 'ਤੇ ਕਾਲ ਕਰਕੇ ਇਸ ਦਸਤਾਵੇਜ਼ ਦੇ ਵਿਕਲਪਕ ਫਾਰਮੈਟਾਂ ਅਤੇ ਅਨੁਵਾਦਾਂ ਲਈ ਮੰਗ ਕਰ ਸਕਦੇ ਹੋ ।

## ਅੱਗੇ ਕੀ ਹੁੰਦਾ ਹੈ?

ਇਸ ਸਲਾਹ-ਮਸ਼ਵਰੇ ਦੇ ਸਾਰੇ ਜਵਾਬਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਫੀਡਬੈਕ ਦੀ ਵਰਤੋਂ ਇਹ ਫੈਸਲਾ ਕਰਨ ਲਈ ਕੀਤੀ ਜਾਵੇਗੀ ਕਿ ਨੀਤੀ ਲਾਗੂ ਕੀਤੀ ਜਾਂਦੀ ਹੈ ਜਾਂ ਨਹੀਂ, ਅਤੇ ਜੇ ਕੀਤੀ ਜਾਂਦੀ ਹੈ, ਤਾਂ ਇਸ ਨੀਤੀ ਦੇ ਅੰਤਮ ਸੰਸਕਰਣ ਦੇ ਸ਼ਬਦਾਂ ਨੂੰ ਤਿਆਰ ਕੀਤਾ ਜਾਵੇਗਾ ਜੋ ਸਾਡੀ ਜਨਤਕ ਵੈਬਸਾਈਟ 'ਤੇ ਉਪਲਬਧ ਹੋਵੇਗਾ।

### 2. ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ - ਸਰਵੇਖਣ ਲਈ ਸਵਾਲ

ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ

ਬ੍ਰਿਸਟਲ ਸਿਟੀ ਕੌਂਸਲ ਦੀ ਬਾਲਗ ਸਮਾਜਿਕ ਸੰਭਾਲ ਸੇਵਾ ਹਮੇਸ਼ਾਂ ਵਿਅਕਤੀ ਨਾਲ ਕਿਸੇ ਸਹਿਮਤੀ 'ਤੇ ਪਹੁੰਚਣ ਲਈ ਸਾਰੇ ਵਾਜਬ ਕਦਮ

ਚੁੱਕੇਗੀ ਕਿ ਉਸ ਦੀਆਂ ਜ਼ਰੂਰਤਾਂ ਅਤੇ ਨਤੀਜੇ ਕਿਵੇਂ ਪੂਰੇ ਕੀਤੇ ਜਾਣਗੇ।

ਇਹ ਫੈਸਲਾ ਕਰਦੇ ਸਮੇਂ ਕਿ ਕਿਸੇ ਵਿਅਕਤੀ ਦੀਆਂ ਲੋੜਾਂ ਨੂੰ ਕਿਵੇਂ ਪੂਰਾ ਕਰਨਾ ਹੈ, ਬਾਲਗ ਸਮਾਜਿਕ ਸੰਭਾਲ ਉਸ ਵਿਕਲਪ ਦੀ ਚੋਣ ਕਰਨ ਦੀ ਹੱਕਦਾਰ ਹੈ ਜੋ ਸਭ ਤੋਂ ਵਧੀਆ ਮੁੱਲ 'ਤੇ ਲੋੜੀਂਦੇ ਨਤੀਜੇ ਪ੍ਰਦਾਨ ਕਰਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਬਾਲਗ ਸਮਾਜਿਕ ਸੰਭਾਲ ਉਹ ਸੇਵਾਵਾਂ ਪ੍ਰਦਾਨ ਕਰੇਗੀ ਜਿਸ ਨੂੰ ਵਿਅਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਮੰਨਦੀ ਹੈ। ਕੁਝ ਮਾਮਲਿਆਂ ਵਿੱਚ, ਉਹ ਵਿਕਲਪ ਜਿਸ ਬਾਰੇ ਕੌਂਸਲ ਮਨਦੀ ਹੈ ਕਿ ਵਿਅਕਤੀ ਨੂੰ ਸਭ ਤੋਂ ਵਧੀਆ ਮੁੱਲ 'ਤੇ ਆਪਣੇ ਯੋਗ ਨਤੀਜਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਕਰਦਾ ਹੈ, ਹੋ ਸਕਦਾ ਹੈ ਕੀ ਉਹ ਵਿਅਕਤੀ ਦੀ ਪਹਿਲੀ ਤਰਜੀਹ ਨਾ ਹੋਵੇ।

ਬਹੁਤ ਸਾਰੇ ਮਾਮਲਿਆਂ ਵਿੱਚ, ਵਿਅਕਤੀ ਦੀਆਂ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਭ ਤੋਂ ਲਾਗਤ-ਪ੍ਰਭਾਵਸ਼ਾਲੀ ਪਹੁੰਚ ਉਹਨਾਂ ਨੂੰ ਸਹਾਇਤਾ ਨਾਲ ਘਰ ਰਹਿਣ ਵਿੱਚ ਸਹਾਰਾ ਦੇਣਾ ਹੁੰਦਾ ਹੈ। ਜੇ ਕੋਈ ਨਾਗਰਿਕ ਘਰ ਰਹਿਣ ਨੂੰ ਤਰਜੀਹ ਦਿੰਦਾ ਹੈ, ਤਾਂ ਕੌਂਸਲ ਦਾ ਉਦੇਸ਼ ਲਾਗਤ-ਪ੍ਰਭਾਵਸ਼ਾਲੀ ਉਪਾਵਾਂ ਦੀ ਵਰਤੋਂ ਕਰਕੇ ਉਨ੍ਹਾਂ ਦੀ ਸਹਾਇਤਾ ਕਰਨਾ ਹੋਵੇਗਾ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਇੱਕ ਡਿਰੈਕਟ ਭੁਗਤਾਨ ਦੀ ਪੇਸ਼ਕਸ਼ ਕਰਨਾ ਜਿਸਦੀ ਵਰਤੋਂ ਇੱਕ ਕਮਿਸ਼ਨ ਕੀਤੀ ਘਰ ਦੇ ਵਿੱਚ ਦੀ ਸੰਭਾਲ ਸੇਵਾ ਦੀ ਬਜਾਏ ਇੱਕ ਨਿੱਜੀ ਸਹਾਇਕ (ਪੀਏ) ਨੂੰ ਨਿਯੁਕਤ ਕਰਨ ਲਈ ਕੀਤੀ ਜਾ ਸਕਦੀ ਹੈ।

- ਧੁਲਾਈ ਜਾਂ ਕੱਪੜੇ ਪਹਿਨਣ ਵਰਗੇ ਕੰਮਾਂ ਲਈ ਲੋੜੀਂਦੇ ਸੰਭਾਲ ਕਰਤਾਵਾਂ ਦੀ ਗਿਣਤੀ ਨੂੰ ਘਟਾਉਣ ਲਈ ਵਿਸਿਸ਼ਟ ਉਪਕਰਣ ਪ੍ਰਦਾਨ ਕਰਨਾ, ਜਿਵੇਂ ਕਿ ਛੱਤ ਤੋਂ ਲੱਗਿਆ ਟਰੈਕ ਹੋਇਸਟ।

- ਦਿਨ ਜਾਂ ਰਾਤ ਦੌਰਾਨ ਦੀਆਂ ਲੋੜੀਂਦੀਆਂ ਦੇਖਭਾਲ ਲਈ ਫੇਰੀਆਂ ਦੀ ਬਾਰੰਬਾਰਤਾ ਅਤੇ/ਜਾਂ ਮਿਆਦ ਨੂੰ ਘਟਾਉਣ ਲਈ ਵਿਸਿਸ਼ਟ ਤਕਨਾਲੋਜੀ ਨੂੰ ਲਗਾਉਣਾ, ਜਿਵੇਂ ਕਿ ਕਲਾਈ 'ਤੇ ਲੱਗਿਆ ਸੈਂਸਰ ਜਾਂ ਕੇਅਰ ਲਾਈਨ।

ਕਿਰਪਾ ਕਰਕੇ ਨੋਟ ਕਰੋ ਕਿ ਇਹ ਪੂਰੀ ਸੂਚੀ ਨਹੀਂ ਹੈ ਅਤੇ ਵਿਅਕਤੀਆਂ ਲਈ ਉਨ੍ਹਾਂ ਦੇ ਆਪਣੇ ਘਰਾਂ ਵਿੱਚ ਹੋਰ ਸਹਾਇਤਾ ਵਿਕਲਪ ਉਪਲਬਧ ਹਨ।

ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਘਰ ਵਿੱਚ ਰਹਿਣ ਵਾਲੇ ਸੰਭਾਲ ਪੈਕੇਜ ਦੀ ਲਾਗਤ ਸਾਂਝੇ ਸੰਭਾਲ ਵਿਕਲਪ ਦੀ ਲਾਗਤ ਤੋਂ ਕਾਫ਼ੀ ਵੱਧ ਹੋਵੇਗੀ, ਕੌਂਸਲ ਵਿਕਲਪਾਂ 'ਤੇ ਵਿਚਾਰ ਕਰੇਗੀ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਕਿਸੇ ਰਿਹਾਇਸ਼ੀ ਜਾਂ ਨਰਸਿੰਗ ਹੋਮ ਵਿੱਚ ਪਲੇਸਮੈਂਟ ਦੀ ਪੇਸ਼ਕਸ਼ ਕਰਨਾ ਜੋ ਵਧੇਰੇ ਮਹਿੰਗੇ ਹੋਣ ਦੀ ਬਜਾਏ ਸਥਾਨਕ ਅਥਾਰਟੀ ਦੀ ਦਰ (ਜਿਸਨੂੰ 'ਬ੍ਰਿਸਟਲ ਰੇਟ' ਕਿਹਾ ਜਾਂਦਾ ਹੈ) ਨੂੰ ਸਵੀਕਾਰ ਕਰਦਾ ਹੈ।
- ਘਰ ਵਿੱਚ 24 ਘੰਟੇ ਦੇਖਭਾਲ ਪ੍ਰਦਾਨ ਕਰਨ ਦੇ ਵਿਕਲਪ ਵਜੋਂ ਰਿਹਾਇਸ਼-ਅਧਾਰਤ ਸਹਾਇਤਾ ਪ੍ਰਦਾਨ ਕਰਨਾ, ਜਿਵੇਂ ਕਿ ਸਮਰਥਿਤ ਰਹਿਣ ਵਾਲੀ ਰਿਹਾਇਸ਼, ਵਾਧੂ ਸੰਭਾਲ ਰਿਹਾਇਸ਼, ਜਾਂ ਰਿਹਾਇਸ਼ੀ ਕੇਅਰ ਹੋਮ।

ਹਰੇਕ ਵਿਅਕਤੀ ਦੇ ਹਾਲਾਤਾਂ ਦਾ ਵਿਅਕਤੀਗਤ ਤੌਰ 'ਤੇ ਮੁਲਾਂਕਣ ਕੀਤਾ ਜਾਵੇਗਾ ਅਤੇ ਕੇਵਲ ਉਨ੍ਹਾਂ ਵਿਕਲਪਾਂ ਨੂੰ ਅੱਗੇ ਰੱਖਿਆ ਜਾਵੇਗਾ ਜਿਨ੍ਹਾਂ ਬਾਰੇ ਕੌਂਸਲ ਵਿਚਾਰ ਰੱਖਦੀ ਹੈ ਕਿ ਉਹ ਬੰਦੇ ਨੂੰ ਆਪਣੇ ਯੋਗ ਨਤੀਜਿਆਂ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਦੇ ਯੋਗ ਬਣਾਏਗਾ।

**ਜੇ ਬੰਦਾ ਆਪ ਜਾਂ ਉਸ ਦਾ ਪ੍ਰਤੀਨਿਧੀ ਬਾਲਗ ਸਮਾਜਿਕ ਸੰਭਾਲ ਦੇ ਪ੍ਰਸਤਾਵ ਦੁਆਰਾ ਪੇਸ਼ ਕੀਤੀ ਗਈ ਪ੍ਰਸਤਾਵਿਤ ਸੇਵਾ ਨਾਲ ਸਹਿਮਤ ਨਹੀਂ ਹੋਣ, ਤਾਂ ਉਹ ਕੌਂਸਲ ਦੀ ਕਾਨੂੰਨੀ ਸ਼ਿਕਾਇਤ ਪ੍ਰਕਿਰਿਆ ਦੀ ਵਰਤੋਂ ਕਰਕੇ ਫੈਸਲੇ ਦੀ ਸਮੀਖਿਆ ਕਰਨ ਲਈ ਮੰਗ ਕਰ ਸਕਦੇ ਹਨ।**

ਕੌਂਸਲ ਪਛਾਣੇ ਗਏ ਲਾਗਤ-ਪ੍ਰਭਾਵਸ਼ਾਲੀ ਵਿਕਲਪ ਦੀ ਰਕਮ ਤੱਕ ਡਿਰੈਕਟ ਭੁਗਤਾਨ ਦੇ ਰੂਪ ਵਿੱਚ ਇੱਕ ਨਿੱਜੀ ਬਜਟ ਦੀ ਪੇਸ਼ਕਸ਼ ਕਰ ਸਕਦੀ ਹੈ। ਨਿੱਜੀ ਬਜਟ ਦੇ ਪੱਧਰ ਦੀ ਕੋਈ ਨਿਸ਼ਚਿਤ ਉਪਰਲੀ ਸੀਮਾ ਨਹੀਂ ਹੈ। ਬੰਦਾ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਬਜਟ ਦੀ ਵਰਤੋਂ ਲਚਕਦਾਰ ਢੰਗ ਨਾਲ ਕਰ ਸਕਦਾ ਹੈ, ਜਾਂ ਉਹ (ਜਾਂ ਕੋਈ ਪਰਿਵਾਰਕ ਮੈਂਬਰ ਜਾਂ ਦੋਸਤ) ਅੰਤਰ ਨੂੰ ਪੂਰਾ ਕਰਨ ਅਤੇ

ਆਪਣੀ ਤਰਜੀਹੀ ਸੇਵਾ ਤੱਕ ਪਹੁੰਚ ਕਰਨ ਲਈ ਆਪਣੇ ਫੰਡਾਂ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹਨ। ਇਸ ਨੂੰ ਕਈ ਵਾਰ 'ਟਾਪ-ਅੱਪ' ਵੀ ਕਿਹਾ ਜਾਂਦਾ ਹੈ। ਹਾਲਾਂਕਿ, ਅਜਿਹੀ ਵਿਵਸਥਾ ਆਮ ਤੌਰ 'ਤੇ ਉਦੋਂ ਉਚਿਤ ਨਹੀਂ ਹੁੰਦੀ ਜਦੋਂ ਸਥਾਨਕ ਅਥਾਰਟੀ ਨੇ ਸਿੱਟਾ ਇਹ ਕੱਢਿਆ ਹੋਇਆ ਹੋਵੇ ਕਿ ਰਿਹਾਇਸ਼ੀ ਜਾਂ ਨਰਸਿੰਗ ਦੇਖਭਾਲ ਵਿਅਕਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਸਭ ਤੋਂ ਢੁਕਵਾਂ ਸਾਧਨ ਹੈ।

**1. ਤੁਸੀਂ ਇਸ ਗੱਲ ਨਾਲ ਸਹਿਮਤ ਹੋ ਜਾਂ ਅਸਹਿਮਤ ਹੋ ਕਿ ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ ਨੂੰ ਸਮਝਣਾ ਆਸਾਨ ਹੈ?**

- ਜ਼ੋਰਦਾਰ ਸਹਿਮਤੀ
- ਸਹਿਮਤ
- ਨਾ ਤਾਂ ਸਹਿਮਤ ਅਤੇ ਨਾ ਹੀ ਅਸਹਿਮਤ
- ਅਸਹਿਮਤ
- ਜ਼ੋਰਦਾਰ ਅਸਹਿਮਤੀ

**2. ਕਿਰਪਾ ਕਰਕੇ ਦੱਸੋ ਕਿ ਤੁਸੀਂ ਇਸ ਬਾਰੇ ਸਹਿਮਤ ਜਾਂ ਅਸਹਿਮਤ ਕਿਉਂ ਹੋ ਕਿ ਇਹ ਸਮਝਣਾ ਆਸਾਨ ਹੈ।**

**3. ਤੁਸੀਂ ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ ਨਾਲ ਸਹਿਮਤ ਹੋ ਜਾਂ ਅਸਹਿਮਤ ਹੋ?**

- ਜ਼ੋਰਦਾਰ ਸਹਿਮਤੀ
- ਸਹਿਮਤ
- ਨਾ ਤਾਂ ਸਹਿਮਤ ਅਤੇ ਨਾ ਹੀ ਅਸਹਿਮਤ
- ਅਸਹਿਮਤ
- ਜ਼ੋਰਦਾਰ ਅਸਹਿਮਤੀ

**4. ਕਿਰਪਾ ਕਰਕੇ ਦੱਸੋ ਕਿ ਤੁਸੀਂ ਇਸ ਨੀਤੀ ਨਾਲ ਸਹਿਮਤ ਜਾਂ ਅਸਹਿਮਤ ਕਿਉਂ ਹੋ।**

**5. ਜੇ ਇਸ ਨੀਤੀ ਬਾਰੇ ਤੁਹਾਡੀਆਂ ਕੋਈ ਹੋਰ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਉਹਨਾਂ ਨੂੰ ਹੇਠਾਂ ਪ੍ਰਦਾਨ ਕਰੋ:**

# ਤੁਹਾਡੇ ਬਾਰੇ ਵਿੱਚ

ਅਸੀਂ ਬ੍ਰਿਸਟਲ ਦੇ ਸਾਰੇ ਹਿੱਸਿਆਂ ਤੋਂ ਵੱਧ ਤੋਂ ਵੱਧ ਲੋਕਾਂ ਦੇ ਵਿਚਾਰ ਸੁਣਨਾ ਚਾਹੁੰਦੇ ਹਾਂ, ਤਾਂ ਜੋ ਅਸੀਂ ਸਾਰੇ ਦ੍ਰਿਸ਼ਟੀਕੋਣਾਂ ਨੂੰ ਸਮਝ ਸਕੀਏ।

ਇਹ ਬਹੁਤ ਮਦਦਗਾਰ ਹੋਵੇਗਾ ਜੇ ਤੁਸੀਂ ਹੇਠ ਲਿਖੇ 'ਤੁਹਾਡੇ ਬਾਰੇ ਵਿੱਚ'ਦੇ ਪ੍ਰਸ਼ਨਾਂ ਨੂੰ ਪੂਰਾ ਕਰ ਸਕੋਂ। ਇਹ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਕਿਸੇ ਨਾਲ ਵੀ ਗੈਰ-ਕਾਨੂੰਨੀ ਤੌਰ 'ਤੇ ਭੇਦਭਾਵ ਨਾ ਹੋਵੇ ਅਤੇ ਸਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਕਿ ਬ੍ਰਿਸਟਲ ਦੇ ਵੱਖ-ਵੱਖ ਹਿੱਸਿਆਂ ਅਤੇ ਵੱਖ-ਵੱਖ ਹਾਲਾਤਾਂ ਵਿੱਚ ਦੇ ਲੋਕਾਂ ਦੇ ਵੱਖੋ ਵੱਖਰੇ ਵਿਚਾਰ ਹਨ ਜਾਂ ਨਹੀਂ। ਪ੍ਰਸ਼ਨਾਂ ਵਿੱਚ ਸਮਾਨਤਾ ਐਕਟ 2010 ਵਿੱਚ ਦੀਆਂ ਹਰੇਕ ਸੁਰੱਖਿਅਤ ਵਿਸ਼ੇਸ਼ਤਾਵਾਂ ਸ਼ਾਮਲ ਹਨ।

ਸਾਰੇ ਸਵਾਲ ਗੈਰ-ਲਾਜ਼ਮੀ ਹਨ। ਤੁਸੀਂ ਅਜਿਹੇ ਕਿਸੇ ਵੀ ਸਵਾਲ ਨੂੰ ਛੱਡ ਸਕਦੇ ਹੋ ਜਿਸ ਦਾ ਤੁਸੀਂ ਜਵਾਬ ਨਹੀਂ ਦੇਣਾ ਚਾਹੁੰਦੇ, ਪਰ ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਆਖਰੀ ਪੰਨੇ 'ਤੇ 'ਸਰਵੇਖਣ ਮੁਕੰਮਲ' 'ਤੇ ਕਲਿੱਕ ਕਰਦੇ ਹੋ।

ਪ੍ਰਦਾਨ ਕੀਤੀ ਜਾਣਕਾਰੀ ਦਾ ਉਪਯੋਗ ਸਖਤ ਗੁਪੱਤਤਾ  ਨਾਲ ਅਤੇ ਯੂਕੇ ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਯੂਕੇ ਜੀਡੀਪੀਆਰ) ਦੇ ਅਨੁਸਾਰ ਕੀਤਾ ਜਾਵੇਗਾ। ਵਿਅਕਤੀਗਤ ਅਤੇ ਸੰਵੇਦਨਸ਼ੀਲ ਜਾਣਕਾਰੀ ਦੀ ਵਰਤੋਂ ਕੇਵਲ ਬਰਾਬਰਤਾਵਾਂ ਦੀ ਨਿਗਰਾਨੀ ਦੇ ਉਦੇਸ਼ ਲਈ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਕਿਸੇ ਨਾਲ ਵਾਜਬ ਵਿਵਹਾਰ ਕੀਤਾ ਜਾਂਦਾ ਹੈ।

ਸਾਡੀ ਪਰਦੇਦਾਰੀ ਨੀਤੀ ਇੱਥੇ ਉਪਲਬਧ ਹੈ, ਜੋ ਇਸ ਬਾਰੇ ਦੱਸਦੀ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ 'ਤੇ ਕਿਵੇਂ ਕਾਰਵਾਈ ਕਰਾਂਗੇ, ਅਸੀਂ ਇਸ ਨੂੰ ਕਿੰਨੇ ਸਮੇਂ ਤੱਕ ਬਰਕਰਾਰ ਰੱਖਾਂਗੇ ਅਤੇ ਡੇਟਾ ਪਾਤਰ ਵਜੋਂ ਤੁਹਾਡੇ ਅਧਿਕਾਰ ਕੀ ਹਨ।

ਕਿਰਪਾ ਕਰਕੇ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਉਹਨਾਂ ਬਕਸਿਆਂ 'ਤੇ ਟਿੱਕ ਕਰਕੇ ਦਿਓ ਜਿੰਨ੍ਹਾਂ ਬਾਰੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਸਭ ਤੋਂ ਸਹੀ ਵਰਣਨ ਕਰਦਾ ਹੈ।

**6. ਤੁਹਾਡਾ ਪੂਰਾ ਪੋਸਟਕੋਡ ਕੀ ਹੈ, ਉਦਾਹਰਨ ਲਈ BS13 9BC।**

ਅਸੀਂ ਇਹ ਸਮਝਣ ਲਈ ਇਹ ਮੰਗ ਰਹੇ ਹਾਂ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਾਗਰਿਕਾਂ ਦੇ ਵੱਖੋ ਵੱਖਰੇ ਵਿਚਾਰ ਹਨ ਜਾਂ ਨਹੀਂ ਅਤੇ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਬ੍ਰਿਸਟਲ ਦੇ ਸਾਰੇ ਇਲਾਕਿਆਂ ਦੀ ਸੁਣੀ ਹੈ।

ਜੇ ਤੁਸੀਂ ਕਿਸੇ ਕਾਰੋਬਾਰ ਜਾਂ ਹੋਰ ਸੰਗਠਨ ਦੀ ਤਰਫੋਂ ਜਵਾਬ ਦੇ ਰਹੇ ਹੋ, ਤਾਂ ਕਿਰਪਾ ਕਰਕੇ ਬ੍ਰਿਸਟਲ ਵਿੱਚ ਸੰਗਠਨ ਦੇ ਠਿਕਾਣੇ ਦਾ ਪੋਸਟਕੋਡ ਪ੍ਰਦਾਨ ਕਰੋ।

**7. ਤੁਹਾਡੀ ਉਮਰ ਕਿੰਨੀ ਹੈ?**

- 0-10
- 11-15
- 16-17
- 18-24
- 25-34
- 35-44
- 45-54
- 55-64
- 65-74
- 75-84
- 85 +
- ਕਹਿਣਾ ਨਹੀਂ ਚਾਹੁੰਦੇ

**8. ਕੀ ਤੁਸੀਂ ਆਪਣੇ ਆਪ ਨੂੰ ਅਪਾਹਜ ਵਿਅਕਤੀ ਮੰਨਦੇ ਹੋ?**

- ਹਾਂ
- ਨਹੀਂ
- ਕਹਿਣਾ ਨਹੀਂ ਚਾਹੁੰਦੇ

**9. ਤੁਹਾਡਾ ਲਿੰਗ ਕੀ ਹੈ?**

- ਔਰਤ
- ਪੁਰਸ਼
- ਕਹਿਣਾ ਨਹੀਂ ਚਾਹੁੰਦੇ
- ਹੋਰ (ਕਿਰਪਾ ਕਰਕੇ ਦੱਸੋ ): ____________________

**10. ਕੀ ਤੁਸੀਂ ਲਿੰਗ ਬਦਲਣ ਦੀ ਪ੍ਰਕਿਰਿਆ ਦੇ ਕਿਸੇ ਹਿੱਸੇ ਵਿੱਚੋਂ ਲੰਘੇ ਹੋ ਜਾਂ ਕੀ ਤੁਸੀਂ ਅਜਿਹਾ ਕਰਨ ਦਾ ਇਰਾਦਾ ਰੱਖਦੇ ਹੋ?**

- ਹਾਂ
- ਨਹੀਂ
- ਕਹਿਣਾ ਨਹੀਂ ਚਾਹੁੰਦੇ

**11. ਤੁਹਾਡਾ ਨਸਲੀ ਸਮੂਹ ਕੀ ਹੈ? (ਕਿਰਪਾ ਕਰਕੇ ਸਿਰਫ ਇੱਕ ਬਾਕਸ 'ਤੇ ਟਿੱਕ ਨਿਸ਼ਾਨ ਲਗਾਓ)**

- ਏਸ਼ੀਆਈ / ਏਸ਼ੀਆਈ ਬ੍ਰਿਟਿਸ਼
- ਕਾਲੇ / ਅਫਰੀਕੀ / ਕੈਰੇਬੀਅਨ / ਕਾਲੇ ਬ੍ਰਿਟਿਸ਼
- ਜਿਪਸੀ / ਰੋਮਾ / ਆਇਰਿਸ਼ ਯਾਤਰੀ
- ਮਿਸ਼ਰਤ / ਬਹੁ-ਨਸਲੀ ਸਮੂਹ
- ਗੋਰੇ ਬ੍ਰਿਟਿਸ਼
- ਗੋਰੇ ਆਇਰਿਸ਼
- ਕੋਈ ਹੋਰ ਗੋਰੇ
- ਕਹਿਣਾ ਨਹੀਂ ਚਾਹੁੰਦੇ
- ਕੋਈ ਹੋਰ ਨਸਲੀ ਪਿਛੋਕੜ (ਕਿਰਪਾ ਕਰਕੇ ਦੱਸੋ):

**12. ਤੁਹਾਡਾ ਧਰਮ/ਆਸਥਾ ਕੀ ਹੈ?**

- ਕੋਈ ਧਰਮ ਨਹੀਂ
- ਬੋਧੀ
- ਈਸਾਈ
- ਹਿੰਦੂ
- ਯਹੂਦੀ
- ਮੁਸਲਮਾਨ
- ਮੂਰਤੀਵਾਦੀ
- ਸਿੱਖ
- ਕਹਿਣਾ ਨਹੀਂ ਚਾਹੁੰਦੇ
- ਹੋਰ (ਕਿਰਪਾ ਕਰਕੇ ਦੱਸੋ ):

**13. ਤੁਹਾਡਾ ਜਿਨਸੀ ਰੁਝਾਨ ਕੀ ਹੈ?**

- ਦੁਲਿੰਗੀ
- ਸਮਲਿੰਗੀ ਆਦਮੀ
- ਸਮਲਿੰਗੀ ਔਰਤ / ਲੈਸਬੀਅਨ
- ਹੇਟਰੋਸੈਕਸੁਅਲ / ਸਟ੍ਰੇਟ
- ਕਹਿਣਾ ਨਹੀਂ ਚਾਹੁੰਦੇ
- ਹੋਰ (ਕਿਰਪਾ ਕਰਕੇ ਦੱਸੋ):

**14. ਕੀ ਤੁਸੀਂ ਗਰਭਵਤੀ ਹੋ ਜਾਂ ਕੀ ਤੁਸੀਂ ਪਿਛਲੇ 26 ਹਫਤਿਆਂ ਵਿੱਚ ਬੱਚਾ ਜੰਮਿਆ ਹੈ?**

ਹਾਂ

ਨਹੀਂ

ਕਹਿਣਾ ਨਹੀਂ ਚਾਹੁੰਦੇ

**15. ਕੀ ਤੁਸੀਂ ਸ਼ਰਨਾਰਥੀ ਜਾਂ ਪਨਾਹ ਭਾਲ ਕਰਤਾ  ਹੋ?**

ਹਾਂ

ਨਹੀਂ

ਕਹਿਣਾ ਨਹੀਂ ਚਾਹੁੰਦੇ

**16. ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਸਰਵੇਖਣ ਜਿੰਨਾ ਸੰਭਵ ਹੋ ਸਕੇ ਵਧੀਆ ਹੋਣ।**

**ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਹੇਠ ਲਿਖੇ ਕਥਨਾਂ ਨਾਲ ਸਹਿਮਤ ਜਾਂ ਅਸਹਿਮਤ ਹੋ:**

| | ਜ਼ੋਰਦਾਰ ਸਹਿਮਤੀ | ਸਹਿਮਤ | ਨਾ ਤਾਂ ਸਹਿਮਤ ਅਤੇ ਨਾ ਹੀ ਅਸਹਿਮਤ | ਅਸਹਿਮਤ | ਜ਼ੋਰਦਾਰ ਅਸਹਿਮਤੀ |
|---|---|---|---|---|---|
| ਸਵਾਲਾਂ ਦੇ ਜਵਾਬ ਦੇਣ ਲਈ ਮੇਰੇ ਕੋਲ ਕਾਫ਼ੀ ਜਾਣਕਾਰੀ ਹੈ | | | | | |
| ਇਹ ਸਵਾਲ ਮੇਰੇ ਲਈ ਆਪਣੇ ਵਿਚਾਰ ਦੇਣਾ ਆਸਾਨ ਬਣਾਉਂਦੇ ਹਨ | | | | | |
| ਸਰਵੇਖਣ ਮੇਰੀਆਂ ਪਹੁੰਚਯੋਗਤਾ  ਲੋੜਾਂ 'ਤੇ ਪੂਰਾ ਪੈਂਦਾ ਹੈ | | | | | |

ਜੇ ਤੁਸੀਂ ਇਹਨਾਂ ਤਿੰਨਾਂ ਕਥਨਾਂ ਵਿੱਚੋਂ ਕਿਸੇ ਨਾਲ ਅਸਹਿਮਤ ਜਾਂ ਜ਼ੋਰਦਾਰ ਤੌਰ 'ਤੇ ਅਸਹਿਮਤ ਹੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਕਿ ਕਿਉਂ: